Punjabi | ਪੰਜਾਬੀ

# ਰੈੱਡ ਨੋਜ਼ ਸੋਗ ਅਤੇ ਨੁਕਸਾਨ ਸਹਾਇਤਾ ਸੇਵਾਵਾਂ

## ਅਸੀਂ ਤੁਹਾਡੇ ਨੁਕਸਾਨ ਲਈ ਬਹੁਤ ਅਫ਼ਸੋਸਜ਼ਦਾ ਹਾਂ ਅਤੇ ਤੁਹਾਡੀ ਮੱਦਦ ਕਰਨਾ ਚਾਹੁੰਦੇ ਹਾਂ।

ਰੈੱਡ ਨੋਜ਼ ਉਹਨਾਂ ਲੋਕਾਂ ਲਈ **ਮੁਫ਼ਤ ਸਹਾਇਤਾ ਅਤੇ ਹੋਰ ਲੋਕਾਂ ਨਾਲ ਜੁੜਨ ਦੀ ਪੇਸ਼ਕਸ਼ ਕਰਦਾ ਹੈ ਜਿਨ੍ਹਾਂ ਨੂੰ ਗਰਭ ਅਵਸਥਾ, ਨਵਜੰਮੇ ਬੱਚੇ ਜਾਂ ਬੱਚੇ ਦੇ ਨੁਕਸਾਨ ਦਾ ਜਾਂ ਉਹੋ ਜਿਹਾ ਅਨੁਭਵ ਕੀਤਾ ਹੈ।** ਰੈੱਡ ਨੋਜ਼ ਹਰ ਉਸ ਵਿਅਕਤੀ ਦੀ ਸਹਾਇਤਾ ਕਰਦਾ ਹੈ ਜਿਸਨੇ ਗਰਭ ਡਿੱਗਣ, ਮਰੇ ਹੋਏ ਬੱਚੇ ਦਾ ਜਨਮ ਹੋਣ, ਜਾਂ ਨਵਜੰਮੇ ਬਾਲ ਦੀ ਮੌਤ ਜਾਂ ਬੱਚੇ ਦੀ ਮੌਤ ਦਾ ਦੁੱਖ ਝੱਲਿਆ ਹੋਵੇ।

**ਰੈੱਡ ਨੋਜ਼ ਮੁਫ਼ਤ, ਅਤੇ ਗੁਪਤ ਸੇਵਾਵਾਂ ਹਨ। ਤੁਹਾਨੂੰ ਮੈਡੀਕੇਅਰ ਕਾਰਡ ਦੀ ਲੋੜ ਨਹੀਂ ਹੈ।**

ਰੈੱਡ ਨੋਜ਼ ਤੁਹਾਡੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਸਹਾਇਤਾ ਨੂੰ ਤਿਆਰ ਕਰਦਾ ਹੈ। ਅਸੀਂ ਤੁਹਾਨੂੰ ਕਈ ਤਰ੍ਹਾਂ ਦੀਆਂ ਪੇਸ਼ੇਵਰ ਸਹਾਇਤਾ ਸੇਵਾਵਾਂ ਅਤੇ ਆਪ-ਬੀਤੇ ਅਨੁਭਵ ਵਾਲੇ ਲੋਕਾਂ ਵੱਲੋਂ ਸਹਾਇਤਾ ਉਪਲਬਧ ਕਰਵਾਉਂਦੇ ਹਾਂ।

## ਤੁਹਾਡੀ ਦੇਖਭਾਲ ਟੀਮ ਨੇ ਤੁਹਾਨੂੰ ਰੈੱਡ ਨੋਜ਼ ਕੋਲ ਇੱਥੇ ਰੈਫ਼ਰ ਕੀਤਾ ਹੈ:

______________________________

(ਰੈਫ਼ਰਲ ਦੀ ਮਿਤੀ)

ਰੈੱਡ ਨੋਜ਼ ਦੀ ਟੀਮ ਦਾ ਕੋਈ ਮੈਂਬਰ ਤੁਹਾਨੂੰ ਫ਼ੋਨ ਕਰੇਗਾ। ਇਹ ਆਮ ਤੌਰ 'ਤੇ 24 ਘੰਟਿਆਂ ਦੇ ਅੰਦਰ-ਅੰਦਰ ਹੋ ਜਾਂਦਾ ਹੈ। ਜੇਕਰ ਤੁਹਾਨੂੰ ਕਿਸੇ ਵੱਲੋਂ ਫ਼ੋਨ ਨਹੀਂ ਆਉਂਦਾ, ਤਾਂ ਤੁਸੀਂ ਸਾਨੂੰ ਆਪ ਫ਼ੋਨ ਕਰ ਸਕਦੇ ਹੋ। ਸਾਡਾ ਫ਼ੋਨ ਨੰਬਰ **1300 308 307** ਹੈ।

ਜੇਕਰ ਤੁਹਾਨੂੰ ਤੁਰੰਤ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਸਾਡੀ **24/7 ਮੁਫ਼ਤ ਚੱਲਣ ਵਾਲੀ ਸੋਗ ਅਤੇ ਨੁਕਸਾਨ ਸਹਾਇਤਾ ਲਾਈਨ 1300 308 307** 'ਤੇ ਫ਼ੋਨ ਕਰ ਸਕਦੇ ਹੋ, **pearsupport@rednose.org.au** 'ਤੇ ਈ-ਮੇਲ ਕਰੋ ਜਾਂ **www.rednosegriefandloss.org.au** 'ਤੇ ਜਾਓ

ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੋਵੇ, ਤਾਂ **TIS 131 450** 'ਤੇ ਫ਼ੋਨ ਕਰੋ ਅਤੇ ਉਨ੍ਹਾਂ ਨੂੰ ਸਾਡੀ ਸਹਾਇਤਾ ਲਾਈਨ 'ਤੇ ਫ਼ੋਨ ਕਰਨ ਲਈ ਕਹੋ।

ਦੁਭਾਸ਼ੀਆ